ਪੁਸਤਕ ਰੀਵਿਊ

# ਮਿੱਟੀ ਬੋਲ ਪਈ ਦਾ ਸਮਾਜਕ ਤੇ ਸਾਹਿਤਕ ਵਿਸ਼ਲੇਸ਼ਣ

ਡਾ. ਮਹਿਲ ਸਿੰਘ

**ਰਿਵਿਊਕਾਰ : ਡਾ. ਹੀਰਾ ਸਿੰਘ**

ਅਸਿਸਟੈਂਟ ਪ੍ਰੋਫ਼ੈਸਰ, ਖ਼ਾਲਸਾ ਕਾਲਜ, ਅੰਮ੍ਰਿਤਸਰ
✆ 9417534823




| | | |
|---|---|---|
| ਪ੍ਰਕਾਸ਼ਕ | : | ਆਰਸੀ ਪਬਲਿਸ਼ਰਜ਼, ਦਿੱਲੀ |
| ਸਾਲ | : | 2024 |
| ਪੰਨੇ | : | 192 |
| ਮੁੱਲ | : | 495/- ਰੁਪਏ |

ਪੰਜਾਬੀ ਸਾਹਿਤ ਵਿਚ ਬਲਬੀਰ ਮਾਧੋਪੁਰੀ ਅਜਿਹਾ ਸਾਹਿਤਕਾਰ ਅਤੇ ਸਾਹਿਤ-ਚਿੰਤਕ ਹੈ ਜੋ ਸਾਡੇ ਸਮਾਜ ਦੇ ਅਤਿ-ਨਪੀੜੇ ਵਰਗ ਦੀ ਬੰਦ ਖਲਾਸੀ ਨੂੰ ਆਪਣਾ ਜੀਵਨ ਉਦੇਸ਼ ਸਮਝਦਾ ਹੈ। 2002 ਵਿਚ ਉਸਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਛਪਣ ਨਾਲ ਉਹ ਪੰਜਾਬੀ ਵਿਚ ਦਲਿਤ-ਚੇਤਨਾ ਦਾ ਮੁੱਖ ਪ੍ਰਚਾਰਕ ਅਤੇ ਚਿੰਤਕ ਬਣ ਗਿਆ। 2020 ਵਿਚ ਉਸਦਾ ਪਲੇਠਾ ਨਾਵਲ 'ਮਿੱਟੀ ਬੋਲ ਪਈ' ਛਪਦਾ ਹੈ ਜਿਸ ਨੇ ਇਕ ਵਾਰ ਫਿਰ ਪੰਜਾਬੀ ਸਾਹਿਤ ਵਿਚ ਦਲਿਤ ਮਸਲਿਆਂ ਨੂੰ ਅਤੇ ਇਹਨਾਂ ਦੀ ਇਤਿਹਾਸਕ ਚੇਤਨਾ ਨੂੰ ਚਰਚਾ ਵਿਚ ਲੈ ਆਂਦਾ ਹੈ।

ਡਾ. ਮਹਿਲ ਸਿੰਘ ਪੰਜਾਬੀ ਸਾਹਿਤ ਵਿਸ਼ੇਸ਼ਕਰ ਪੰਜਾਬੀ ਗਲਪ ਦਾ ਨੇੜਿਓਂ ਅਧਿਐਨ ਵਿਸ਼ਲੇਸ਼ਣ ਕਰਨ ਵਾਲਾ ਚਿੰਤਕ ਹੈ। ਹੁਣ ਉਹ ਆਪਣੇ ਵਿਸ਼ੇ ਦੇ ਵਿਸ਼ੇਸ਼ੱਗ ਵਜੋਂ ਮਾਣਤਾ ਪ੍ਰਾਪਤ ਕਰ ਚੁੱਕੇ ਹਨ। 'ਮਿੱਟੀ ਬੋਲ ਪਈ' ਦਾ ਸਮਾਜਕ ਤੇ ਸਾਹਿਤਕ ਵਿਸ਼ਲੇਸ਼ਣ' ਡਾ. ਮਹਿਲ ਸਿੰਘ ਦੁਆਰਾ ਮਾਧੋਪੁਰੀ ਦੇ ਨਾਵਲ ਬਾਰੇ ਸੰਪਾਦਿਤ ਪੁਸਤਕ ਹੈ ਜਿਸ ਵਿਚ ਉਹਨਾਂ ਸਮੇਤ 13 ਵਿਦਵਾਨਾਂ ਨੇ ਇਸ ਨਾਵਲ ਬਾਰੇ ਆਪਣੇ ਵਿਚਾਰ ਨਿੱਠ ਕੇ ਪੇਸ਼ ਕੀਤੇ ਹਨ।

ਇਸ ਪੁਸਤਕ ਦੇ ਪਹਿਲੇ ਲੇਖ ਵਿਚ ਡਾ. ਮਹਿਲ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਇਹ ਨਾਵਲ ਜੀਵਨੀ/ਸਵੈ-ਜੀਵਨੀ ਦੀ ਵਿਧਾ ਵਿਚ ਲਿਖਿਆ ਹੈ ਜਿਥੇ ਲੇਖਕ ਬਹੁਤੀਆਂ ਕਾਲਪਨਿਕ ਉਡਾਰੀਆਂ ਨਹੀਂ ਮਾਰ ਸਕਦਾ ਹੁੰਦਾ। ਉਹਨਾਂ ਨੇ ਇਸ ਨਾਵਲ ਦੀ ਕਹਾਣੀ ਦੱਸਣ ਦੇ ਨਾਲ-ਨਾਲ ਇਸ ਵਿਚਲੀਆਂ ਵਿਚਾਰਧਾਰਕ ਸੁਰਾਂ ਨੂੰ ਵੀ ਪੇਸ਼ ਕੀਤਾ ਹੈ ਅਤੇ ਦੱਸਿਆ ਕਿ ਇਹ ਨਾਵਲ ਇਲਮ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ।

ਰਜਨੀਸ਼ ਬਹਾਦਰ ਸਿੰਘ ਨੇ ਆਪਣੇ ਖੋਜ-ਪੱਤਰ ਵਿਚ ਇਸ ਨਾਵਲ ਦੀ ਕਹਾਣੀ ਨੂੰ ਭਾਰਤੀ ਇਤਿਹਾਸ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਉਹਨਾਂ ਅਨੁਸਾਰ ਭਾਰਤੀ ਇਤਿਹਾਸ ਵਿਚ ਬ੍ਰਾਹਮਣਾ ਅਤੇ ਕਸ਼ੱਤਰੀਆਂ ਦੇ ਮੇਲ ਅਤੇ ਵਿਰੋਧ ਦੇ ਬਹੁਤ ਕਿੱਸੇ ਹਨ ਪਰ ਇਹ ਬ੍ਰਾਹਮਣਾ ਅਤੇ ਸ਼ੂਦਰਾਂ ਬਾਰੇ ਹੈ। ਉਹਨਾਂ ਅਨੁਸਾਰ ਇਹ ਵਿਰੋਧ ਮੱਧਕਾਲ ਵਿਚ ਭਗਤੀ ਲਹਿਰ ਨਾਲ ਸ਼ੁਰੂ ਹੋ ਗਿਆ ਸੀ ਪਰ ਦਲਿਤ ਚੇਤਨਾ ਦਾ ਸੰਗਠਿਤ ਰੂਪ ਭਾਰਤ ਦੇ ਕੌਮੀ ਮੁਕਤੀ ਅੰਦੋਲਨ ਵਿਚੋਂ ਪੈਦਾ ਹੋਇਆ। ਉਹ ਸਮਝਦੇ ਹਨ ਇਹ ਨਾਵਲ ਭਾਰਤੀ ਸਮਾਜ ਦੇ ਅਮਾਨਵੀ ਵਰਤਾਰਿਆਂ ਨੂੰ ਸਿਰਜਦਾ ਹੈ।

ਡਾ. ਮਨਮੋਹਨ ਨੇ ਆਪਣੇ ਖੋਜ-ਪੱਤਰ ਵਿਚ ਬਲਬੀਰ ਮਾਧੋਪੁਰੀ ਦੇ ਇਸ ਨਾਵਲ ਵਿਚਲੇ ਦਮਿਤ ਅਤੇ ਦਲਿਤ ਜੀਵਨ ਨੂੰ ਦਲਿਤ ਸੰਕਲਪ ਦੇ ਆਧਾਰ 'ਤੇ ਸਮਝਣ ਸਮਝਾਉਣ ਦਾ ਯਤਨ ਕੀਤਾ ਹੈ। ਉਹਨਾਂ ਅਨੁਸਾਰ ਹੁਣ ਤਕ ਦਲਿਤ ਦੀ ਪਛਾਣ ਲਈ ਜਮਾਤੀ ਨਜਰੀਆ, ਵਰਣ ਵਿਵਸਥਾ ਅਤੇ ਡਾ. ਭੀਮ ਰਾਓ ਅੰਬੇਦਕਰ ਦੀ ਦ੍ਰਿਸ਼ਟੀ ਨੂੰ ਵਰਤਿਆ ਜਾਂਦਾ ਰਿਹਾ ਹੈ। ਡਾ. ਮਨਮੋਹਨ ਦੀ ਰਾਇ ਹੈ ਕਿ ਮੰਗੂ ਰਾਮ ਮੰਗੂਵਾਲੀਆ ਦੀ 1926 ਦੇ ਲਾਗੇ ਸ਼ੁਰੂ ਕੀਤੀ ਆਦਿ ਧਰਮ ਮੰਡਲ ਦੀ ਲਹਿਰ ਹੌਲੀ ਹੌਲੀ ਦਲਿਤ ਸੰਘਰਸ਼ ਤੋਂ ਥਿੜਕ ਕੇ ਮੁੱਖ ਧਾਰਾ ਦੀ ਰਾਜਨੀਤੀ ਵਿਚ ਸ਼ਾਮਲ ਹੋ ਗਈ। ਉਹਨਾਂ ਅਨੁਸਾਰ ਗਾਂਧੀ ਦਲਿਤਾਂ ਨੂੰ ਕੁਝ ਦਿੱਤੇ ਬਿਨ੍ਹਾਂ ਉਨ੍ਹਾਂ ਦੇ ਹਰਮਨ ਪਿਆਰੇ ਨੇਤਾ ਬਣ ਗਏ ਅਤੇ ਅੰਬੇਦਕਰ ਦਲਿਤਾਂ ਲਈ ਬਹੁਤ ਕੁਝ ਕਰਕੇ ਵੀ ਉਹਨਾਂ ਦੇ ਮਸੀਹਾ ਨਾ ਬਣ ਸਕੇ ਪਰ ਆਦਿ ਧਰਮ ਮੰਡਲ ਅਤੇ ਡਾ. ਭੀਮ ਰਾਓ ਅੰਬੇਦਕਰ ਨੇ ਦਲਿਤਾਂ ਵਿਚ ਸਵੈ-ਪਛਾਣ ਅਤੇ ਵਿਦਿਆ ਪ੍ਰਾਪਤੀ ਲਈ ਉਤਸ਼ਾਹ ਪੈਦਾ ਕੀਤਾ ਜੋ ਇਸ ਨਾਵਲ ਵਿਚ ਵੀ ਪੇਸ਼ ਹੋਇਆ ਹੈ।

ਡਾ. ਜੇ. ਬੀ. ਸੇਖੋਂ ਅਨੁਸਾਰ ਸੱਤਾ 'ਤੇ ਕਾਬਜ ਧਿਰਾਂ ਨੇ ਆਦਿਕਾਲ ਤੋਂ ਪੁਨਰ ਜਨਮ, ਧਰਮ, ਸ਼ਰਧਾ, ਸਬਰ, ਸੇਵਾ, ਸੰਤੋਖ, ਨੈਤਿਕਤਾ, ਮਰਿਯਾਦਾ ਅਤੇ ਦੇਸ਼ ਪ੍ਰੇਮ ਦੇ ਸੰਕਲਪਾਂ ਨਾਲ 'ਤਾੜਨ ਕੇ ਅਧਿਕਾਰੀ' ਧਿਰ ਨੂੰ ਦਬਾਈ ਰੱਖਿਆ ਹੈ। ਹੁਣ ਇਹ ਧਿਰਾਂ ਆਪਣੀ ਮੁਕਤੀ ਅਤੇ ਆਵਾਜ ਪੈਦਾ ਕਰਨ ਲਈ ਬੁੱਧ ਦਰਸ਼ਨ, ਅੰਬੇਦਕਰਵਾਦ,

ਮਾਰਕਸਵਾਦੀ ਦ੍ਰਿਸ਼ਟੀ ਅਤੇ ਨਾਰੀਵਾਦੀ ਚੇਤਨਾ ਨਾਲ ਦਲਿਤ ਚਿੰਤਨ ਪੈਦਾ ਕਰ ਰਹੀਆਂ ਹਨ। ਸੇਖੋਂ ਅਨੁਸਾਰ ਇਸ ਸਮੁੱਚੀ ਦਲਿਤ ਚੇਤਨਾ ਬਾਰੇ ਪੰਜਾਬੀ ਨਾਵਲ ਵਿਚ ਕਦੇ ਕਦੇ ਚਰਚਾ ਹੁੰਦੀ ਰਹੀ ਹੈ ਪਰ 'ਮਿੱਟੀ ਬੋਲ ਪਈ' ਇਸ ਵਿਚਾਰਧਾਰਾ ਦਾ ਦਸਤਾਵੇਜ ਸਾਬਤ ਹੋਇਆ ਹੈ।

ਡਾ. ਗੁਰਮੇਲ ਸਿੰਘ ਅਨੁਸਾਰ ਬਲਬੀਰ ਮਾਧੋਪੁਰੀ ਐਲਾਨੀਆ ਤੌਰ 'ਤੇ ਇਕ ਪ੍ਰਤੀਬੱਧ ਦਲਿਤ ਲੇਖਕ ਹੈ ਅਤੇ ਵਿਧਾ ਪੱਖੋਂ ਨਾਵਲ ਉਸਦੀ ਵਿਚਾਰਧਾਰਾ ਨੂੰ ਵਿਸਥਾਰ ਨਾਲ ਪੇਸ਼ ਕਰਦਾ ਹੈ। ਉਹਨਾਂ ਅਨੁਸਾਰ ਮਾਧੋਪੁਰੀ ਨੇ ਨਾਵਲ ਵਿਚ ਦਲਿਤਾਂ ਦੀਆਂ ਤਿੰਨ ਮੁਢਲੀਆਂ ਮੰਗਾਂ ਨੂੰ ਉਭਾਰਿਆ ਗਿਆ ਹੈ। ਵਗਾਰ ਖਤਮ ਕਰਕੇ ਹਿੰਦੂ ਮੁਸਲਮਾਨਾ ਦੇ ਬਰਾਬਰ ਹੱਕ ਲੈਣੇ, ਇੰਤਕਾਲੇ ਅਰਾਜ਼ੀ ਐਕਟ ਖਤਮ ਕਰਕੇ ਦਲਿਤਾਂ ਨੂੰ ਜਮੀਨ ਖਰੀਦਣ/ ਮਾਲਕ ਬਣਨ ਦਾ ਅਧਿਕਾਰ ਦਿਵਾਉਣਾ ਅਤੇ ਆਪਣੇ ਆਪ ਨੂੰ ਭਾਰਤ ਦੇ ਮੁੱਢਲੇ ਵਸਨੀਕ ਸਾਬਤ ਕਰਨਾ। ਉਹਨਾਂ ਅਨੁਸਾਰ ਪ੍ਰਕਿਰਤਕ ਅਤੇ ਸਮਾਜਕ ਵਰਣਨ ਨਾਲ ਇਹ ਨਾਵਲ ਕਲਾਤਮਕ ਪੱਖੋਂ ਉੱਤਮ ਕ੍ਰਿਤ ਬਣਦਾ ਹੈ।

ਡਾ. ਹਰਿੰਦਰ ਸਿੰਘ ਆਪਣੇ ਖੋਜ-ਪੱਤਰ ਵਿਚ ਲਿਖਦੇ ਹਨ ਕਿ, ਇਹ ਨਾਵਲ ਹਾਸ਼ੀਆਗਤ ਧਿਰਾਂ ਨੂੰ ਸਮਾਜਕ, ਸਭਿਆਚਾਰਕ ਅਤੇ ਆਰਥਿਕ ਪੱਖੋਂ ਤਕੜਾ ਕਰਕੇ ਸਿਆਸੀ ਪੱਖ ਤੋਂ ਚੇਤਨਾ ਪ੍ਰਦਾਨ ਕਰਦੀ ਆਦਿ ਧਰਮ ਲਹਿਰ ਦੀ ਸ਼ਾਨਾਂਮੱਤੀ ਇਤਿਹਾਸਕ ਵਿਰਾਸਤ ਦਾ ਦਸਤਾਵੇਜੀ ਬਿਰਤਾਂਤ ਹੈ। ਇਸ ਵਿਚ ਦਲਿਤ ਚੇਤਨਾ ਦੇ ਵੱਖ-ਵੱਖ ਪੱਖਾਂ ਤੋਂ ਦਲਿਤ ਨਾਇਕਤਵ ਦੀ ਪਛਾਣ ਅਤੇ ਮੁਕਤੀ ਦਾ ਮਾਡਲ ਪੇਸ਼ ਕੀਤਾ ਹੈ। ਡਾ. ਹਰਿੰਦਰ ਸਿੰਘ ਅਨੁਸਾਰ ਦਲਿਤ ਦ੍ਰਾਵਿੜਾਂ ਤੋਂ ਵੀ ਪਹਿਲਾਂ ਭਾਰਤ ਵਿਚ ਵੱਸਦੇ ਸਨ, ਦ੍ਰਵਿੜਾਂ ਨੇ ਇਹਨਾਂ ਤੇ ਹਮਲਾ ਕੀਤਾ ਪਰ ਗੁਲਾਮ ਨਹੀਂ ਬਣਾਇਆ ਮਗਰੋਂ ਆਰੀਆ ਲੋਕਾਂ ਨੇ ਇਹਨਾਂ ਨੂੰ ਗੁਲਾਮ ਬਣਾ ਕੇ ਸਮਾਜਕ ਗੌਰਵ ਤੇ ਆਰਥਿਕ ਸਾਧਨਾਂ ਤੋਂ ਹੀਣੇ ਬਣਾ ਦਿੱਤਾ।

ਡਾ. ਅਨੁਰਾਗ ਸ਼ਰਮਾ ਅਨੁਸਾਰ ਅਸਲ ਇਤਿਹਾਸ ਸਾਹਿਤ ਰਾਹੀਂ ਹੀ ਪ੍ਰਗਟ ਹੁੰਦਾ ਹੈ। ਇਤਿਹਾਸ ਵਿਚ ਭਾਰੂ ਧਿਰਾਂ ਕੂਕਦੀਆਂ ਹਨ ਪਰ ਸਾਹਿਤ ਵਿਚ ਲਿਤਾੜੀਆਂ ਧਿਰਾਂ ਦੀਆਂ ਚੀਕਾਂ ਸੁਣਦੀਆਂ ਹਨ। ਉਹਨਾਂ ਨੂੰ ਹਿੰਦੋਸਤਾਨ ਦੀ ਆਜ਼ਾਦੀ ਨਾਲੋਂ ਅਛੂਤਾਂ ਦੀ ਆਜ਼ਾਦੀ ਵਧੇਰੇ ਅਹਿਮ ਲਗਦੀ ਸੀ। ਸਾਰੇ ਨਾਵਲ ਦਾ ਆਧਾਰ ਹੀ ਦਲਿਤ ਸੰਘਰਸ਼ ਤੇ ਦਲਿਤਾਂ ਦੀ ਸਮਾਜਕ ਆਜ਼ਾਦੀ ਹੈ। ਡਾ. ਅਨੁਰਾਗ ਨੇ ਬੜੀ ਮਹੱਤਵਪੂਰਨ ਗੱਲ ਕਹੀ ਹੈ ਕਿ ਨਾਵਲ ਉਸ ਸਮੇਂ ਦਾ ਹੋਣ 'ਤੇ ਵੀ ਆਜ਼ਾਦੀ ਸੰਘਰਸ ਦੀ ਗੱਲ ਨਹੀਂ ਕਰਦਾ ਦੂਸਰੇ ਪਾਸੇ ਆਜ਼ਾਦੀ ਸੰਘਰਸ਼ ਦਾ ਇਤਿਹਾਸ ਦਲਿਤਾਂ ਦੇ ਪਾਏ ਯੋਗਦਾਨ ਨੂੰ ਨਹੀਂ ਵਿਚਾਰਦਾ।

ਪੁਸਤਕ ਵਿਚ ਸ਼ਾਮਲ ਉਪਰੋਕਤ ਅਤੇ ਬਾਕੀ ਵਿਦਵਾਨ ਜਿਵੇਂ, ਡਾ. ਪ੍ਰਿਥਵੀ ਰਾਜ ਥਾਪਰ, ਡਾ. ਜਸਵਿੰਦਰ ਕੌਰ ਬਿੰਦਰਾ ਅਤੇ ਪ੍ਰੋ. ਅੰਮ੍ਰਿਤਪਾਲ ਕੌਰ ਨੇ 'ਮਿੱਟੀ ਬੋਲ ਪਈ' ਦਾ ਅਧਿਐਨ ਵਿਸ਼ਲੇਸ਼ਣ ਕਰਦਿਆਂ ਦਲਿਤ ਵਰਗ ਦੇ ਜਿਹੜੇ ਨੁਕਤੇ ਪੇਸ਼ ਕੀਤੇ ਹਨ ਡਾ. ਹਰਵਿੰਦਰ ਸਿੰਘ ਦੀ ਲੇਖਕ ਨਾਲ ਮੁਲਾਕਾਤ ਵਿਚੋਂ ਉਹਨਾਂ ਵਿਸ਼ਿਆਂ ਦੀ ਪ੍ਰੌੜਤਾ ਹੋਈ ਹੈ। ਇਹਨਾਂ ਦੋਨਾਂ ਦੇ ਸੰਯੋਗ ਨਾਲ ਪਤਾ ਚੱਲਦਾ ਹੈ ਕਿ ਵਾਕਿਆ ਹੀ ਉੱਤਰੀ ਭਾਰਤ ਜਾਂ ਪੰਜਾਬ ਵਿਚ ਸਿੱਖ ਧਰਮ ਦੇ ਪਾਸਾਰ ਨਾਲ ਵੀ ਦਲਿਤਾਂ ਨੂੰ ਸਾਧਾਰਨ ਮਨੁੱਖ ਦਾ ਦਰਜਾ ਨਹੀਂ ਮਿਲਿਆ ਜਿਸ ਕਰਕੇ ਅੱਜ ਵੀ ਸਮਾਜ ਦਾ ਇਕ ਵੱਡਾ ਵਰਗ ਹਾਸ਼ੀਏ 'ਤੇ ਧੱਕਿਆ ਹੋਇਆ ਹੈ ਜੋ ਪਸ਼ੂਆਂ ਵਰਗੀ ਜ਼ਿੰਦਗੀ ਬਿਤਾਉਣ ਲਈ ਮਜਬੂਰ ਹੈ। ਬਲਬੀਰ ਪਰਵਾਨਾ ਨੇ ਬਲਬੀਰ ਮਾਧੋਪੁਰੀ ਦੀ ਵਿਕਾਸ ਕਰਦੀ ਚੇਤਨਾ ਦੀ ਗਵਾਹੀ ਭਰੀ ਹੈ ਜੋ ਅੱਜ ਆਪਣੇ ਸਮੁੱਚੇ ਵਰਗ ਦੀ ਤਾਕਤਵਰ ਆਵਾਜ਼ ਬਣੀ ਹੈ। ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਡਾ. ਮਹਿਲ ਸਿੰਘ ਨੇ ਇਕ ਵਧੀਆ ਪੁਸਤਕ ਨੂੰ ਵਿਦਵਾਨਾਂ ਦੀਆ ਵਿਭਿੰਨ ਰਾਵਾਂ ਸਹਿਤ ਪਾਠਕਾਂ ਦੇ ਸਨਮੁੱਖ ਰੱਖਿਆ ਹੈ ਜਿਸ ਨਾਲ ਇਹ ਪੁਸਤਕ ਸਾਧਾਰਨ ਮਨੋਰੰਜਨ ਦੇ ਉਦੇਸ਼ ਤੋਂ ਵਧ ਕੇ ਵਿਚਾਰਧਾਰਕ ਪ੍ਰਚਾਰ ਵਾਲੀ ਵੀ ਸਿੱਧ ਹੁੰਦੀ ਹੈ।

◈


ISSN : 2395-1273